# ਰੋਜਾਨਾ ਕਰਾਇਮ ਰਿਪੋਰਟ ਮਿਤੀ 17.07.2024

| ਲੜੀ ਨੰ | ਥਾਣਾ | ਮੁਕੱਦਮਾ ਨੰਬਰ, ਮਿਤੀ ਅਤੇ ਜੁਰਮ | ਬਾਹੱਦ ਰਕਬਾ | ਮੁਦੱਈ ਦਾ ਨਾਮ, ਪਤਾ | ਦੋਸ਼ੀ ਦਾ ਨਾਮ | ਗ੍ਰਿਫਤਾਰੀ | ਸੰਖੇਪ ਹਾਲਾਤ | ਬ੍ਰਾਮਦਗੀ | ਤਫਤੀਸ਼ੀ ਅਫਸਰ ਦਾ ਨਾਮ |
|---|---|---|---|---|---|---|---|---|---|
| 1 | ਗਿੱਦੜਬਾਹਾ | 81 ਮਿਤੀ 16.07.2024 ਅ/ਧ 21B/61/85 NDPS ACT | ਪਿਉਰੀ ਰੋਡ ਗਿੱਦੜਬਾਹਾ | ਸ:ਥ ਗੁਰਤੇਜ ਸਿੰਘ | ਸੰਨੀ ਪੁੱਤਰ ਮੁਰਾਰੀ ਲਾਲ ਵਾਸੀ ਖਟੀਕ ਮੁਹੱਲਾ ਗਿੱਦੜਬਾਹਾ | ਹੋ ਚੁੱਕੀ ਹੈ | ਸੰਖੇਪ ਹਾਲਾਤ ਇਸ ਪ੍ਰਕਾਰ ਹੈ ਕਿ ਸ:ਥ: ਗੁਰਤੇਜ ਸਿੰਘ ਸਮੇਤ ਪੁਲਿਸ ਪਾਰਟੀ ਪਿਓਰੀ ਵਾਲਾ ਰੇਲਵੇ ਫਾਟਕ ਟੱਪ ਕੇ ਪਿੰਡ ਗਿੱਦੜਬਾਹਾ ਵਾਲੀ ਸਾਈਡ ਪਿਓਰੀ ਰੋਡ ਪਰ ਨੇੜੇ ਸ਼ਮਸ਼ਾਨ ਘਾਟ ਪਾਸ ਪੁੱਜਾ ਤਾਂ ਸ਼ਮਸ਼ਾਨ ਘਾਟ ਦੀ ਕੰਧ ਦੇ ਨਾਲ ਇੱਕ ਮੋਨਾ ਨੋਜਵਾਨ ਵਿਅਕਤੀ ਆਪਣੇ ਸੱਜੇ ਹੱਥ ਵਿੱਚ ਇੱਕ ਪਾਰਦਰਸ਼ੀ ਮੋਮੀ ਲਿਫਾਫਾ ਲਈ ਖੜਾ ਦਿਖਾਈ ਦਿੱਤਾ ਜੋ ਪੁਲਿਸ ਪਾਰਟੀ ਦੀ ਗੱਡੀ ਨੂੰ ਦੇਖ ਕੇ ਘਬਰਾ ਕੇ ਉੱਥੋਂ ਖਿਸਕਣ ਲੱਗਾ ਤਾਂ ਸ਼ੱਕ ਦੀ ਬਿਨਾਂਹ ਪਰ ਜਲਦੀ ਨਾਲ ਗੱਡੀ ਰੋਕ ਕੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਉਸ ਮੋਨੇ ਨੌਜਵਾਨ ਵਿਅਕਤੀ ਨੂੰ ਕਾਬੂ ਕੀਤਾ,ਕਾਬੂ ਕਰਨ ਸਮੇਂ ਮੋਨੇ ਨੌਜਵਾਨ ਨੇ ਆਪਣੇ ਸੱਜੇ ਹੱਥ ਵਿੱਚ ਫੜਿਆ ਪਾਰਦਰਸ਼ੀ ਮੋਮੀ ਲਿਫਾਫਾ ਨੂੰ ਸੜਕ ਪਰ ਸੁੱਟ ਦਿੱਤਾ,ਕਾਬੂ ਕੀਤੇ ਨੌਜਵਾਨ ਉਕਤ ਨੂੰ ਉਸ ਦਾ ਨਾਮ ਪਤਾ ਪੁੱਛਿਆ,ਜਿਸ ਨੇ ਮੇਰੇ ਪੁੱਛਣ ਤੇ ਆਪਣਾ ਨਾਮ ਸੰਨੀ ਪੁੱਤਰ ਮੁਰਾਰੀ ਲਾਲ ਵਾਸੀ ਖਟੀਕ ਮੁਹੱਲਾ ਗਿੱਦੜਬਾਹਾ ਦੱਸਿਆ ।ਜਿਸਦੀ ਲਿਖਤੀ ਇਤਲਾਹ ਥਾਣੇ ਭੇਜੀ ਜਿਸਤੇ ਸ:ਥ: ਗੁਰਮੀਤ ਸਿੰਘ ਨੇ ਮੋਕਾ ਪਰ ਪੁੱਜ ਕੇ ਹਸਬ ਜਾਬਤਾ ਕਾਰਵਾਈ ਕਰਦਿਆ ਉਸ ਪਾਸੋ 10 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ।ਜਿਸਤੇ ਉਕਤ ਮੁੱਕਦਮਾ ਦਰਜ ਕੀਤਾ ਗਿਆ। | 10 ਗ੍ਰਾਮ ਹੈਰੋਇਨ | ਸ:ਥ ਗੁਰਮੀਤ ਸਿੰਘ |
| 2 | ਬਰੀਵਾਲਾ | 52 ਮਿਤੀ 16.07.2024 ਅ/ਧ 22/61/85 NDPS ACT | ਪਿੰਡ ਹਰੀਕੇ ਕਲਾਂ | ਐਸ ਆਈ ਦਰਸ਼ਨ ਸਿੰਘ | ਸ਼ਸ਼ੀ ਬਾਲਾ ਪਤਨੀ ਕਮਲਦੀਪ ਸਿੰਘ ਵਾਸੀ ਹਰੀਕੇ ਕਲਾਂ | ਹੋ ਚੁੱਕੀ ਹੈ | ਸੰਖੇਪ ਹਾਲਾਤ ਇਸ ਪ੍ਰਕਾਰ ਹੈ ਕਿ ਐਸ ਆਈ ਦਰਸ਼ਨ ਸਿੰਘ ਸਮੇਤ ਸਾਥੀ ਕਰਮਚਾਰੀਆ ਦੇ ਚੈਕਿੰਗ ਸ਼ੱਕੀ ਪੁਰਸ਼ਾ ਦੇ ਸਬੰਧ ਵਿੱਚ ਇਲਾਕਾ ਸ਼੍ਰੀ ਮੁਕਤਸਰ ਸਾਹਿਬ ਦਾ ਰਵਾਨਾ ਸੀ ਤਾਂ ਜਦ ਪੁਲਿਸ ਪਾਰਟੀ ਗਰੁਕੁਲ ਸਕੂਲ ਪਿੰਡ ਹਰੀਕੇ ਕਲਾਂ ਪਾਸ ਪੁੱਜੀ ਤਾਂ ਮੁਖਬਰ ਖਾਸ ਨੇ ਐਸ ਆਈ ਦਰਸ਼ਨ ਸਿੰਘ ਪਾਸ ਇਤਲਾਹ ਦਿੱਤੀ ਕਿ ਸ਼ਸ਼ੀ ਬਾਲਾ ਪਤਨੀ ਕਮਲਦੀਪ ਸਿੰਘ ਵਾਸੀ ਹਰੀਕੇ ਕਲਾਂ ਨਸ਼ੀਲੀਆਂ ਗੋਲੀਆਂ ਵੇਚਣ ਦਾ ਕੰਮ ਕਰਦੀ ਹੈ ਜੇਕਰ ਉਸ ਪਰ ਰੇਡ ਕੀਤਾ ਜਾਵੇ ਤਾਂ ਨਸ਼ੀਲੀਆਂ ਗੋਲੀਆਂ ਮਾਰਕਾ ਬਰਾਮਦ ਹੋ ਸਕਦੀਆਂ ਹਨ।ਇਤਲਾਹ ਭਰੋਸੇਯੋਗ ਹੋਣ ਤੇ ਉਕਤ ਮੁਕੱਦਮਾਂ ਦਰਜ ਕੀਤਾ ਗਿਆ। | ਕੁੱਲ 300 ਨਸ਼ੀਲੀਆ ਗੋਲੀਆ ਮਾਰਕਾ (Tramadol Hydrochloride) | ਐਸ ਆਈ ਦਰਸ਼ਨ ਸਿੰਘ |
| 3 | ਬਰੀਵਾਲਾ | 53 ਮਿਤੀ 16.07.2024 ਅ/ਧ 325,323,34 IPC | ਬਰੀਵਾਲਾ ਮਿਤੀ 26.06.2024 | ਗੁਰਮੀਤ ਸਿੰਘ ਪੁੱਤਰ ਮਿੱਠੂ ਸਿੰਘ ਵਾਸੀ ਸੀਰਵਾਲੀ | 1. ਬਲਜੀਤ ਸਿੰਘ ਪੁੱਤਰ ਸ਼ੇਰ ਸਿੰਘ<br>2. ਅੰਮ੍ਰਿਤਪਾਲ ਸਿੰਘ ਪੁੱਤਰ ਬਲਜੀਤ ਸਿੰਘ<br>3. ਦੀਪਾ ਕੰਡਕਟਰ ਪੁੱਤਰ ਜੱਗਾ ਸਿੰਘ ਵਾਸੀਆਨ ਸੀਰਵਾਲੀ<br>4. ਮਨੀ ਸਿੰਘ ਪੁੱਤਰ ਬੋਹੜ ਸਿੰਘ ਵਾਸੀ ਲੰਡੇ ਰੋਡੇ | ਬਾਕੀ ਹੈ | ਸੰਖੇਪ ਹਾਲਾਤ ਇਸ ਪ੍ਰਕਾਰ ਹੈ ਕਿ ਮਿਤੀ 26.06.24 ਨੂੰ ਮੁੱਦਈ ਕੰਮ ਕਾਰ ਦੇ ਸਬੰਧ ਵਿਚ ਬਰੀਵਾਲਾ ਮੰਡੀ ਆਇਆ ਸੀ ਜੋ ਸਬਜੀ ਮੰਡੀ ਤੋ ਸਬਜੀ ਖਰੀਦ ਕਰ ਰਿਹਾ ਸੀ ਤਾਂ ਉਕਤਾਨ ਦੋਸ਼ੀਆਨ ਹਮਮਸ਼ਵਰਾ ਹੋ ਕੇ ਆਏ ਤੇ ਮੁੱਦਈ ਨਾਲ ਕੁੱਟਮਾਰ ਕੀਤੀ ।ਜਿਸ ਸਬੰਧੀ ਰੱਪਟ ਨੰਬਰ 19 ਮਿਤੀ 29.06.24 ਅ/ਧ 323,34 ਹਿੰ.ਦੰ. ਰੋਜਨਾਮਚਾ ਥਾਣਾ ਦਰਜ ਕੀਤੀ ਗਈ ਸੀ ਜੋ ਸੱਟ ਨੰਬਰ 1,2 ਤੇ 4 ਅੰਡਰ ਆਬਜਰਵੇਸ਼ਨ ਰੱਖੀਆਂ ਸਨ ਜਿਨਾ ਵਿਚੋ ਸੱਟ ਨੰਬਰ 02 ਡਾ. ਸਾਹਿਬ ਵਲੋ ਗਰੀਵੀਅਸ ਐਲਾਨੇ ਜਾਣ ਤੇ ਜੁਰਮ 325 ਹਿੰ.ਦੰ. ਦਾ ਹੋਣਾ ਪਾ ਕੇ ਮੁੱਕਦਮਾ ਦਰਜ ਰਜਿਸਟਰ ਕੀਤਾ ਗਿਆ ।ਵਜਾ ਰੰਜਿਸ਼ ਇਹ ਹੈ ਕਿ ਮੁੱਦਈ ਦਾ ਉਕਤਾਨ ਦੋਸ਼ੀਆਨ ਨਾਲ ਖੇਤ ਨੂੰ ਜਾਂਦੀਆਂ ਪਾਣੀ ਦੀਆਂ ਪਾਈਪਾਂ ਸਬੰਧੀ ਝਗੜਾ ਚਲਦਾ ਹੈ।ਜਿਸਤੇ ਉਕਤ ਮੁੱਕਦਮਾ ਦਰਜ ਕੀਤਾ ਗਿਆ। | | ਸ:ਥ ਤੇਜਿੰਦਰ ਸਿੰਘ |

ਸਹੀ/-
ਇੰਚਾਰਜ ਪੀ.ਸੀ.ਆਰ
ਸ਼੍ਰੀ ਮੁਕਤਸਰ ਸਾਹਿਬ